ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ,
ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਫੇਜ-8, ਐਸ ਏ ਐਸ ਨਗਰ।
(ਅਮਲਾ-2 ਸ਼ਾਖਾ)
E-mail ID: dpiee.establishment2@punjabeducation.gov.in

# ਪਬਲਿਕ ਨੋਟਿਸ

ਨੰ: 6/6-2019 ਅਮਲਾ-2(ਭ-1)/729 ਮਿਤੀ : 02-12-2019

1. ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਮਿਤੀ 08-03-2019 ਨੂੰ ਹੈਡ ਟੀਚਰਾਂ ਦੀਆਂ 1558 ਅਸਾਮੀਆਂ ਭਰਨ ਲਈ ਵਿਗਿਆਪਨ ਦਿੱਤਾ ਗਿਆ ਸੀ। ਭਰਤੀ ਡਾਇਰੈਕਟੋਰੇਟ ਵੱਲੋਂ ਕੈਟਾਗਰੀਵਾਈਜ ਭੇਜੀ ਗਈ ਚੋਣ ਸੂਚੀ ਵਿੱਚ ਯੋਗ ਕਰਾਰ ਦਿੱਤੇ ਗਏ ਉਮੀਦਵਾਰਾਂ ਨੂੰ ਸਟੇਸ਼ਨ ਚੋਣ ਕਰਵਾਉਣ ਲਈ 03-12-2019 ਨੂੰ ਸ਼ਿਵਾਲਿਕ ਪਬਲਿਕ ਸਕੂਲ, ਫੇਸ-6 ਮੋਹਾਲੀ ਦੇ ਆਡੀਟੋਰੀਅਮ ਵਿਖੇ ਸਵੇਰੇ 10.00 ਵਜੇ ਬੁਲਾਇਆ ਜਾਂਦਾ ਹੈ। ਉਮੀਦਵਾਰਾਂ ਦੀ ਸੂਚੀ ਨਾਲ ਨੱਥੀ ਹੈ।

2. ਉਕਤ ਤੋਂ ਇਲਾਵਾ ਹੈਡ ਟੀਚਰਾਂ ਦੀਆਂ ਅਸਾਮੀਆਂ ਲਈ ਪਹਿਲਾਂ ਵੱਖ-ਵੱਖ ਮਿਤੀਆਂ ਨੂੰ ਸਟੇਸ਼ਨ ਚੋਣ ਲਈ ਬੁਲਾਏ ਗਏ ਉਮੀਦਵਾਰਾਂ ਵਿਚੋਂ ਗੈਰ-ਹਾਜਰ ਰਹੇ ਉਮੀਦਵਾਰਾਂ ਨੂੰ ਵੀ ਸਟੇਸ਼ਨ ਚੋਣ ਕਰਨ ਦਾ ਇੱਕ ਆਖਰੀ ਮੌਕਾ ਦਿੱਤਾ ਜਾਂਦਾ ਹੈ। ਇਹ ਗੈਰ-ਹਾਜਰ ਰਹੇ ਉਮੀਦਵਾਰ ਆਪਣੀ ਗੈਰ-ਹਾਜਰੀ ਦੀ ਮਿਤੀ ਦੱਸਦੇ ਹੋਏ ਨਿਮਨਹਸਤਾਖਰ ਨੂੰ ਸਵੇਰੇ 9.00 ਵਜੇ ਸ਼ਿਵਾਲਿਕ ਪਬਲਿਕ ਸਕੂਲ, ਫੇਸ-6 ਮੋਹਾਲੀ ਦੇ ਆਡੀਟੋਰੀਅਮ ਵਿਖੇ ਰਿਪੋਰਟ ਕਰਨੀ ਯਕੀਨੀ ਬਣਾਉਣਗੇ। ਗੈਰ-ਹਾਜਰ ਰਹੇ ਉਮੀਦਵਾਰਾਂ ਨੂੰ ਸਟੇਸ਼ਨ ਚੋਣ ਕਰਨ ਦਾ ਮੌਕਾ ਪਹਿਲਾਂ ਦਿੱਤਾ ਜਾਵੇਗਾ ਅਤੇ ਪਹਿਲਾਂ ਨਿਰਧਾਰਿਤ ਕੀਤੇ ਰੋਸਟਰ ਪੁਆਇੰਟਾਂ ਅਨੁਸਾਰ ਦਿੱਤਾ ਜਾਵੇਗਾ।

3. ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਦਿਨ ਦੀ ਸਟੇਸ਼ਨ ਚੋਣ ਪ੍ਰਕ੍ਰਿਆ ਤੋਂ ਬਾਅਦ ਕਿਸੇ ਵੀ ਉਮੀਦਵਾਰ ਨੂੰ ਵਿਭਾਗ ਵੱਲੋਂ ਸਟੇਸ਼ਨ ਚੋਣ ਦਾ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ ਅਤੇ ਨਾ ਹੀ ਆਪਣੇ ਪੱਧਰ ਤੇ ਸਟੇਸ਼ਨ ਅਲਾਟ ਕੀਤਾ ਜਾਵੇਗਾ। ਜਿਹੜੇ ਉਮੀਦਵਾਰ ਸਟੇਸ਼ਨ ਚੋਣ ਲਈ ਹਾਜਰ ਨਹੀਂ ਹੋਣਗੇ, ਉਨ੍ਹਾਂ ਸਬੰਧੀ ਇਹ ਸਮਝ ਲਿਆ ਜਾਵੇਗਾ ਕਿ ਉਹ ਹੈਡ ਟੀਚਰ ਦੀ ਅਸਾਮੀ ਤੇ ਨਿਯੁੱਕਤ ਹੋਣ ਦੇ ਚਾਹਵਾਨ ਨਹੀਂ ਹਨ ਅਤੇ ਉਨ੍ਹਾਂ ਦੀ ਕੈਂਡੀਡੇਚਰ ਰੱਦ ਹੋ ਜਾਵੇਗੀ।

ਜ. 2/12/19

ਡਿਪਟੀ ਡਾਇਰੈਕਟਰ (ਅਮਲਾ)

ਨੱਥੀ : ਸੂਚੀ